20461557

# PUNJABI

*Maximum Marks : 80*

*Time Allotted : Three Hours*

*Reading Time : Additional Fifteen Minutes*

## Instructions to Candidates

1. You are allowed an **additional fifteen minutes** for **only** reading the question paper.
2. You must **NOT** start writing during reading time.
3. This question paper has **11 printed pages and one blank page**.
4. It is divided into **two sections : Section A and Section B**.
5. It has **fifteen questions** in all.
6. **Section A** has **three questions**. All questions are compulsory.
7. While attempting **Multiple Choice Questions** in Section A, you are required to **write only ONE option as the answer**.
8. **Section B** has **twelve questions**. You are required to attempt **any four** questions in this section on **any three** out of the four prescribed textbooks.
9. The intended marks for questions are given in brackets [ ].

## Instruction to Supervising Examiner

1. Kindly read **aloud** the Instructions given above to all the candidates present in the examination hall.

SEAL


© *Copyright reserved.*

## SECTION - A
## LANGUAGE - 40 MARKS

**Question 1** **[15]**

**Write a composition in approximately 400 words in Punjabi on any one of the following topics.**

**ਹੇਠ ਲਿਖੇ ਵਿੱਚੋਂ ਕਿਸੇ ਇੱਕ ਵਿਸ਼ੇ ਉਪਰ ਲਗਭਗ 400 ਸ਼ਬਦਾਂ ਦਾ ਲੇਖ ਲਿਖੋ ।**

(i) ਆਪਣੀ ਜ਼ਿੰਦਗੀ ਦੇ ਕਿਸੇ ਅਜਿਹੇ ਅਨੁਭਵ ਬਾਰੇ ਦੱਸੋ, ਜਦੋਂ ਤੁਸੀਂ ਹਾਰ ਮੰਨਣ ਦੀ ਬਜਾਏ, ਜ਼ਿੰਦਗੀ ਵਿੱਚ ਅੱਗੇ ਵਧਣ ਦਾ ਯਤਨ ਕੀਤਾ ਅਤੇ ਤੁਸੀਂ ਆਪਣੀ ਮੰਜ਼ਿਲ ਤੇ ਪਹੁੰਚ ਸਕੇ ।

(ii) 'ਸੋਸ਼ਲ ਮੀਡੀਆ ਨੇ ਭੂਗੋਲਿਕ ਹੱਦਾਂ ਤੋੜ ਕੇ ਸੰਸਾਰਕ ਪੱਧਰ ਤੇ ਮਨੁੱਖੀ ਨੇੜਤਾ ਪ੍ਰਦਾਨ ਕੀਤੀ ਹੈ ।' ਇਸ ਕਥਨ ਬਾਰੇ ਚਰਚਾ ਕਰਦਿਆਂ ਇਕ ਲੇਖ ਲਿਖੋ ।

(iii) 'ਅਜੋਕੀ ਪੀੜ੍ਹੀ ਦਾ ਬ੍ਰਾਂਡਡ ਉਤਪਾਦਾਂ (Branded Products) ਪ੍ਰਤੀ ਅੰਨ੍ਹੇਵਾਹ ਲਗਾਵ' ਵਿਸ਼ੇ ਤੇ ਲੇਖ ਲਿਖੋ ।

(iv) 'ਸਿੱਖਿਆ ਦਾ ਵਪਾਰੀਕਰਨ ਨਹੀਂ ਹੋਣਾ ਚਾਹੀਦਾ ।' ਇਸ ਕਥਨ ਦੇ ਹੱਕ ਜਾਂ ਵਿਰੋਧ ਵਿੱਚ ਆਪਣੇ ਵਿਚਾਰ ਦਿਓ ।

(v) ਸਫ਼ਾਈ ਦੇ ਮਹੱਤਵ ਨੂੰ ਸਮਝਦਿਆਂ ਬਹੁਤ ਸਾਰੇ ਉਪਰਾਲੇ ਕੀਤੇ ਜਾ ਰਹੇ ਹਨ । ਭਾਰਤੀ ਸੰਦਰਭ ਵਿੱਚ ਇਸਦੇ ਸਕਾਰਾਤਮਕ ਨਤੀਜਿਆਂ ਬਾਰੇ ਚਰਚਾ ਕਰੋ ।

(vi) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਪਰ ਮੌਲਿਕ ਕਹਾਣੀ ਲਿਖੋ :

(a) ਵੇਲ਼ੇ ਦੀ ਨਮਾਜ਼, ਕੁਵੇਲ਼ੇ ਦੀਆਂ ਟੱਕਰਾਂ ।

(b) ਹੇਠ ਲਿਖੇ ਵਾਕ ਅਨੁਸਾਰ ਸ਼ੁਰੂਆਤ ਕਰਦੀ ਹੋਈ ਕਹਾਣੀ ਲਿਖੋ :

ਮੈਚ ਸ਼ੁਰੂ ਹੋਣ ਵਾਲਾ ਸੀ ਕਿ ਅਚਾਨਕ ..................।

**Question 2**

**Read the passage given below carefully and then answer in Punjabi the questions that follow, using your own words.**

**ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਇਸਦੇ ਅਖ਼ੀਰ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ । ਜਿੱਥੋਂ ਤੱਕ ਹੋ ਸਕੇ ਆਪਣੀ ਸ਼ਬਦਾਵਲੀ ਦੀ ਵਰਤੋਂ ਕਰੋ ।**

ਸਿਆਣੇ ਆਖਦੇ ਹਨ, 'ਖ਼ਰਬੂਜ਼ੇ ਨੂੰ ਦੇਖ ਕੇ ਖ਼ਰਬੂਜ਼ਾ ਰੰਗ ਬਦਲਦਾ ਹੈ ।' ਭਾਵ ਕੱਚਾ ਬਦਸੂਰਤ ਖ਼ਰਬੂਜ਼ਾ, ਮਿੱਠੇ ਖ਼ਰਬੂਜ਼ੇ ਨੂੰ ਵੇਖ ਕੇ ਉਸ ਵਰਗਾ ਹੋ ਜਾਂਦਾ ਹੈ । ਜਿੱਥੇ ਰੰਗ ਵਿੱਚ ਨਿਖਾਰ ਆਉਂਦਾ ਹੈ ਉੱਥੇ ਜਾਇਕਾ ਵੀ ਲਾਜਵਾਬ ਹੋ ਜਾਂਦਾ ਹੈ । ਖ਼ਰਬੂਜ਼ੇ ਵਾਂਗ ਹੀ ਮਨੁੱਖ ਨੂੰ ਹੋਰਾਂ ਦੇ ਗੁਣਾਂ ਵੱਲ ਵੇਖ ਕੇ, ਗੁਣੀ ਬਣਨਾ ਚਾਹੀਦਾ ਹੈ । ਹਰ ਬੰਦਾ ਖ਼ੂਬੀਆਂ ਤੇ ਖ਼ਾਮੀਆਂ ਰੱਖਦਾ ਹੈ ਇਹ ਸਾਡੀ ਮਨੁੱਖੀ ਫ਼ਿਤਰਤ 'ਤੇ ਨਿਰਭਰ ਹੈ ਕਿ ਅਸੀਂ ਕਿਸ ਵੱਲ ਜ਼ਿਆਦਾ ਧਿਆਨ ਦਿੰਦੇ ਹਾਂ ।

ਜਿਸ ਮਨੁੱਖ ਵਿੱਚ ਔਗੁਣ ਵੇਖਣ ਦੀ ਪ੍ਰਵਿਰਤੀ ਹੁੰਦੀ ਹੈ ਉਹ ਵੱਡੇ ਮਹਾਂਪੁਰਖ 'ਚ ਵੀ ਤਰੁੱਟੀਆਂ ਭਾਲ ਲੈਂਦਾ ਹੈ ਉਂਝ ਹੀ ਗੁਣ ਵੇਖਣ ਵਾਲੀ ਅੱਖ ਘਟੀਆ ਇਨਸਾਨ 'ਚ ਵੀ ਗੁਣ ਲੱਭ ਲੈਂਦੀ ਹੈ। ਇਸ ਪ੍ਰਕਾਰ ਔਗੁਣਾਂ ਦਾ ਵਪਾਰੀ ਜਿੱਥੇ ਲੂਣ ਮਿਰਚ ਲਗਾ ਕੇ ਔਗੁਣਾਂ ਦੀ ਵਿਆਖਿਆਂ 'ਚ ਸੰਤੁਸ਼ਟੀ ਭਾਲਦਾ ਹੈ, ਉਸੇ ਤਰਾਂ ਗੁਣਾਂ ਦਾ ਦਰਸ਼ਕ ਗੁਣਾਂ ਦੀ ਪ੍ਰਸ਼ੰਸਾ ਕਰਦਾ ਹੈ।

ਗੁਣਵਾਨ ਬਣਨਾ ਅਤੇ ਗੁਣਵਤਾ ਨੂੰ ਬਰਕਰਾਰ ਰੱਖਣਾ ਔਖਾ ਕੰਮ ਹੋ ਜਾਂਦਾ ਹੈ, ਜਦੋ ਪ੍ਰਸ਼ੰਸਾ ਬੰਦੇ ਦਾ ਹਾਜ਼ਮਾ ਖ਼ਰਾਬ ਕਰ ਦਵੇ ਅਤੇ ਇਸ ਨਾਲ ਉਸ 'ਚ ਘੁਮੰਡ ਦੇ ਬੀਜ ਆ ਜਾਣ ਤਾਂ ਉਹ ਗੁਣਾਂ ਦੀ ਥਾਂ ਔਗੁਣਾਂ ਦਾ ਰਸੀਆਂ ਬਣ ਜਾਂਦਾ ਹੈ, ਸ਼ਿਸ਼ਟਤਾ ਦੇ ਵਿਰੁੱਧ ਕੋਈ ਹਰਕਤ ਕਰ ਦਿੰਦਾ ਹੈ ਤਾਂ ਸਾਰੀ ਸ਼ੁਹਰਤ ਮਿੱਟੀ 'ਚ ਮਿਲ ਜਾਂਦੀ ਹੈ ਤੇ ਉਸਦੇ ਗੁਣ ਔਗੁਣ ਬਣ ਜਾਂਦੇ ਹਨ। ਇੰਝ ਹੀ ਜੇਕਰ ਕੋਈ ਔਗੁਣਾਂ ਦੀ ਭਰਮਾਰ ਅਚਨਚੇਤ ਵਧੀਆ ਕਾਰਜ ਕਰ ਜਾਂਦੀ ਹੈ, ਉੱਚ ਦਰਜੇ ਦੀ ਨੈਤਿਕਤਾ ਦਾ ਪ੍ਰਗਟਾਵਾ ਕਰਦੀ ਹੈ ਤਾਂ ਉਸ ਦਾ ਇੱਕੋ ਗੁਣ ਸਾਰੇ ਔਗੁਣਾਂ ਨੂੰ ਢੱਕ ਲੈਂਦਾ ਹੈ ਅਤੇ ਉਹ ਵੀ ਪ੍ਰਸ਼ੰਸਾ ਦਾ ਪਾਤਰ ਬਣ ਜਾਂਦਾ ਹੈ।

ਗੁਣਵਾਨ ਹੋਣ ਲਈ ਜ਼ਰੂਰੀ ਹੈ ਕਿ ਅਸੀਂ ਹੋਰਾਂ ਦੇ ਗੁਣਾਂ ਵੱਲ ਵੇਖੀਏ, ਉਨ੍ਹਾਂ ਦਾ ਅਨੁਸਰਨ ਕਰੀਏ ਅਤੇ ਨਾਲ ਹੀ ਆਪਣੇ ਔਗੁਣਾਂ ਤੋਂ ਆਪਣੇ ਆਪ ਨੂੰ ਜਾਣੂ ਕਰਾਈਏ, ਬੰਦਾਂ ਹੋਰਾਂ ਤੋਂ ਤਾਂ ਆਪਣੇ ਔਗੁਣ ਛੁਪਾ ਸਕਦਾ ਹੈ ਪਰ ਕੀ ਉਹ ਆਪਣੇ ਆਪ ਤੋਂ ਆਪਣੀਆਂ ਖ਼ਾਮੀਆਂ, ਝੂਠ, ਬੇਈਮਾਨੀਆਂ ਲਕੋ ਸਕਦਾ ਹੈ ? ਬਿਲਕੁਲ ਨਹੀਂ , ਬੰਦੇ ਦੀ ਜ਼ਮੀਰ ਉਸਦੇ ਹਰ ਕੰਮ ਦੀ ਸਾਕਸ਼ੀ ਹੁੰਦੀ ਹੈ।ਉਹ ਉਸਦੇ ਕੱਲ੍ਹ ਨੂੰ ਜਾਣਦੀ ਹੈ ਤੇ ਨਾਲ ਹੀ ਬੰਦੇ ਦੀਆਂ ਭਲਕ ਦੀਆਂ ਯੋਜਨਾਵਾਂ ਦੀ ਵੀ ਜਾਣਕਾਰੀ ਰੱਖਦੀ ਹੈ। ਗੁਣਾਂ ਨੂੰ ਗ੍ਰਹਿਣ ਕਰਨ ਲਈ ਜ਼ਰੂਰੀ ਹੈ ਕਿ ਆਪਣੇ ਔਗੁਣਾਂ ਤੇ ਕਾਬੂ ਪਾਇਆ ਜਾਵੇ। ਮਨੋਵਿਗਿਆਨੀ ਅਤੇ ਸਮਾਜਸ਼ਾਸਤਰੀ ਦੱਸਦੇ ਹਨ ਕਿ ਜੇ ਬੰਦਾ ਦ੍ਰਿੜ ਨਿਸ਼ਚੇ ਨਾਲ ਯਤਨ ਕਰੇ ਅਤੇ ਆਪਣੀ ਜ਼ਮੀਰ ਨਾਲ ਧੋਖਾ ਨਾ ਕਰੇ ਉਹ ਜ਼ਰੂਰ ਹੀ ਇੱਕ ਦਿਨ ਚੰਗਿਆਈ ਵੱਲ ਨੂੰ ਤੁਰ ਸਕਦਾ ਹੈ। ਜਿਹੜੇ ਵਿਅਕਤੀ ਆਤਮ-ਸੰਜਮ ਤੋਂ ਕੰਮ ਨਹੀਂ ਲੈਂਦੇ, ਮਨ ਦੀ ਗੁਲਾਮੀ ਸਵੀਕਾਰ ਕਰ ਲੈਂਦੇ ਹਨ , ਬੁਰੀ ਸੰਗਤ 'ਚ ਪੈ ਜਾਂਦੇ ਹਨ, ਜ਼ਮੀਰ ਦੀ ਅਵਾਜ਼ ਅਣਸੁਣੀ ਕਰ ਦਿੰਦੇ ਹਨ, ਉਨ੍ਹਾਂ ਨੂੰ ਆਪਣੇ ਔਗੁਣ ਗੁਣ ਨਜ਼ਰ ਆਉਂਦੇ ਹਨ। ਇਸ ਲਈ ਸਵੈ-ਯਤਨ ਸਭ ਤੋਂ ਪ੍ਰਭਾਵਸ਼ਾਲੀ ਸਿੱਧ ਹੁੰਦਾ ਹੈ। ਕੋਈ ਹੋਰ ਤੁਹਾਨੂੰ ਬਿਹਤਰ ਇਨਸਾਨ ਨਹੀਂ ਬਣਾ ਸਕਦਾ, ਸਿਰਫ਼ ਤੁਸੀਂ ਆਪ ਹੀ ਹਨੇਰਾ ਤਿਆਗ ਕੇ ਚਾਨਣ ਵੱਲ ਤੁਰ ਸਕਦੇ ਹੋ।

(i) 'ਖ਼ਰਬੂਜ਼ੇ ਨੂੰ ਦੇਖ ਕੇ ਖ਼ਰਬੂਜ਼ਾ ਰੰਗ ਬਦਲਦਾ ਹੈ' ਤੋਂ ਕੀ ਭਾਵ ਹੈ ? [3]

(ii) ਗੁਣਵਾਨ ਬਣਨਾ ਤੇ ਗੁਣਵਤਾ ਨੂੰ ਕਾਇਮ ਰੱਖਣਾ ਔਖਾ ਕੰਮ ਕਿਉਂ ਹੈ ? [3]

(iii) ਕੀ ਬੰਦੇ ਦੀ ਜ਼ਮੀਰ ਉਸਦੇ ਹਰ ਕੰਮ ਦੀ ਸਾਕਸ਼ੀ ਹੁੰਦੀ ਹੈ ? ਦੱਸੋ ਕਿਵੇਂ ? [3]

(iv) ਮਨੋਵਿਗਿਆਨੀ ਅਤੇ ਸਮਾਜਸ਼ਾਸਤਰੀ ਗੁਣ/ਔਗੁਣ ਬਾਰੇ ਦੱਸਦੇ ਹਨ :

(a) ਜੇਕਰ ਬੰਦਾ ਦ੍ਰਿੜ ਨਿਸ਼ਚੇ ਨਾਲ ਯਤਨ ਕਰੇ ਤਾਂ ਕੀ ਹੁੰਦਾ ਹੈ ? [1]

(1) ਉਹ ਚੰਗਿਆਈ ਦੇ ਰਾਹ ਵੱਲ ਤੁਰ ਸਕਦਾ ਹੈ ।

(2) ਉਹ ਬੁਰਾਈ ਦਾ ਰਾਹ ਅਖਤਿਆਰ ਕਰ ਸਕਦਾ ਹੈ ।

(3) ਉਹ ਜ਼ਮੀਰ ਨੂੰ ਧੋਖਾ ਦੇ ਸਕਦਾ ਹੈ ।

(4) ਉਹ ਬੁਰੀ ਸੰਗਤ ਵਿੱਚ ਪੈ ਸਕਦਾ ਹੈ ।

(b) ਗੁਣਾਂ ਦਾ ਦਰਸ਼ਕ ਕੀ ਕਰਦਾ ਹੈ ? [1]

(1) ਗੁਣਾਂ ਦੀ ਬੁਰਾਈ

(2) ਗੁਣਾਂ ਦੀ ਖੋਜ

(3) ਗੁਣਾਂ ਨਾਲ ਧੋਖਾ

(4) ਗੁਣਾਂ ਦੀ ਪ੍ਰਸ਼ੰਸਾ

(c) ਕਿਹੜਾ ਯਤਨ ਸਭ ਤੋਂ ਪ੍ਰਭਾਵਸ਼ਾਲੀ ਸਿੱਧ ਹੁੰਦਾ ਹੈ ? [1]

(1) ਆਧੁਨਿਕ-ਯਤਨ

(2) ਮੌਲਿਕ-ਯਤਨ

(3) ਸਵੈ-ਯਤਨ

(4) ਯੋਜਨਾ-ਯਤਨ

(v) ਜਿਸ ਮਨੁੱਖ 'ਚ ਔਗੁਣ ਦੇਖਣ ਦੀ ਪ੍ਰਵਿਰਤੀ ਹੁੰਦੀ ਹੈ,ਉਹ ਵੱਡੇ ਮਹਾਂਪੁਰਖ 'ਚ ਵੀ ਤਰੁੱਟੀਆਂ ਲੱਭ ਲੈਂਦਾ ਹੈ ।

(a) 'ਤਰੁੱਟੀਆਂ' ਸ਼ਬਦ ਦਾ ਸਹੀ ਅਰਥ ਹੈ : [1]

(1) ਪਰਿਵਰਤਨ

(2) ਸਮਾਨਤਾਵਾਂ

(3) ਖ਼ਾਮੀਆਂ

(4) ਸਾਹਿਤ

(b) 'ਔਗੁਣ' ਸ਼ਬਦ ਦਾ ਸਹੀ ਅਰਥ ਹੈ : [1]

(1) ਸੰਕਲਪ

(2) ਗੁਣਾਂ ਦੀ ਭਰਮਾਰ

(3) ਭੈੜੇ ਗੁਣ

(4) ਚੰਗੇ ਗੁਣ

(c) 'ਅਚਨਚੇਤ' ਸ਼ਬਦ ਤੋਂ ਕੀ ਭਾਵ ਹੈ ? [1]

(1) ਅਚਾਨਕ

(2) ਜਤਨਬੱਧ

(3) ਰਾਜਸੀ

(4) ਜਮਾਂਦਰੂ

## Question 3

**(A) Do as directed.**

**ਹੇਠ ਲਿਖੇ ਵਾਕਾਂ ਨੂੰ ਹਦਾਇਤਾਂ ਅਨੁਸਾਰ ਲਿਖੋ ।**

(i) ਹੇਠ ਲਿਖੇ ਵਾਕ ਦਾ ਸ਼ੁੱਧ ਰੂਪ ਲਿਖੋ : [1]

ਘਰ ਹੈ ਸ਼ੈਤਾਨ ਦਾ ਵਿਹਲਾ ਮਨ ।

(ii) ਖ਼ਾਲੀ ਸਥਾਨ ਭਰੋ : [1]

ਬੱਚੇ ਮੈਦਾਨ ਵਿੱਚ _________ ਖੇਡ ਰਹੇ ਹਨ ।

(iii) ਹੇਠ ਲਿਖੇ ਵਾਕਾਂ ਵਿੱਚੋਂ ਸ਼ੁੱਧ ਵਾਕ ਚੁਣੋ : [1]

(a) ਉਸ ਦੀ ਘੜੀ ਗਈ ਹੈ ਟੁੱਟ ।

(b) ਉਸ ਦੀ ਘੜੀ ਟੁੱਟ ਗਈ ਹੈ ।

(c) ਘੜੀ ਉਸਦੀ ਹੈ ਟੁੱਟ ਗਈ ।

(d) ਟੁੱਟ ਗਈ ਹੈ ਉਸਦੀ ਘੜੀ ।

(iv) ਹੇਠ ਲਿਖੇ ਵਾਕਾਂ ਵਿੱਚੋਂ ਅਸ਼ੁੱਧ ਵਾਕ ਚੁਣੋ : [1]

(a) ਉਹ ਮੁੰਡਾ ਬਹੁਤ ਚਲਾਕ ਹੈ ।

(b) ਹਰ ਰੋਜ਼ ਸੈਰ ਕਰੋ ।

(c) ਨੌਕਰੀ ਮਿਲ ਗਈ ਉਸ ਨੂੰ ।

(d) ਸਦਾ ਸੱਚ ਬੋਲੋ ।

(v) ਹੇਠ ਲਿਖੇ ਵਾਕ ਵਿਚ ਲਕੀਰੇ ਸ਼ਬਦ ਦਾ ਸਹੀ ਬਦਲ ਚੁਣੋ : [1]

ਮਨੁੱਖ ਨੂੰ ਆਪਣਾ <u>ਇਕਰਾਰ</u> ਹਮੇਸ਼ਾ ਨਿਭਾਉਣਾ ਚਾਹੀਦਾ ਹੈ ।

(a) ਭਰੋਸਾ

(b) ਵਾਅਦਾ

(c) ਹਕੀਕਤ

(d) ਬੇਮਿਸ਼ਾਲ

**(B) Use the idioms in the sentences as per the instruction given.**

**ਹੇਠ ਲਿਖੇ ਮੁਹਾਵਰਿਆਂ ਨੂੰ ਹਦਾਇਤਾਂ ਅਨੁਸਾਰ ਲਿਖੋ ।**

(i) ਹੇਠ ਲਿਖੇ ਮੁਹਾਵਰੇ ਨੂੰ ਵਾਕ ਵਿੱਚ ਵਰਤੋ : [1]

'ਈਨ ਮੰਨਣਾ'

(ii) ਹੇਠ ਲਿਖੇ ਮੁਹਾਵਰੇ ਨੂੰ ਸ਼ੁੱਧ ਕਰੋ : [1]

'ਹੱਥ ਨੀਲੇ ਕਰਨਾ'

(iii) ਹੇਠ ਲਿਖੇ ਵਾਕ ਲਈ ਸਹੀ ਮੁਹਾਵਰੇ ਦੀ ਚੋਣ ਕਰੋ : [1]

ਭਾਰਤੀ ਜਵਾਨ ਹਮੇਸ਼ਾ ਦੇਸ਼ ਦੀ ਖ਼ਾਤਿਰ ਜਾਨ ਦੀ ਬਾਜ਼ੀ ਲਗਾਉਂਦੇ ਹਨ ।

(a) ਸਾੜ੍ਹ ਸਤੀ ਆਉਣਾ

(b) ਸਿਰ ਤਲੀ ਤੇ ਧਰਨਾ

(c) ਡੰਡੀ ਮਾਰਨਾ

(d) ਕਾਵਾਂ ਰੌਲ਼ੀ ਪਾਉਣੀ

(iv) ਹੇਠ ਲਿਖੇ ਮੁਹਾਵਰੇ ਲਈ ਸਹੀ ਅਰਥ ਚੁਣੋ : [1]

'ਹੱਥਾਂ ਦੇ ਤੋਤੇ ਉੱਡਣੇ'

(a) ਮੰਗਣਾ

(b) ਮਦਦ ਕਰਨਾ

(c) ਦੌੜ ਜਾਣਾ

(d) ਘਬਰਾਉਣਾ

(v) ਹੇਠ ਲਿਖੇ ਖ਼ਾਲੀ ਸਥਾਨ ਲਈ ਸਹੀ ਮੁਹਾਵਰੇ ਦੀ ਚੋਣ ਕਰੋ : [1]

ਮੇਰੀ ਅਤੇ ਗੀਤ ਦੀ ਉਮਰ ਵਿੱਚ ਸਿਰਫ਼ _________ ਦਾ ਫ਼ਰਕ ਹੈ ।

(a) ਉਨ੍ਹੀ-ਇੱਕੀ

(b) ਉਨ੍ਹੀ-ਪੰਜ

(c) ਉਨ੍ਹੀ-ਅੱਠ

(d) ਪੱਚੀ-ਚਾਲੀ

## SECTION - B

## (LITERATURE - 40 MARKS)

Answer *four* questions from this section on *any three* out of the four prescribed textbooks.

ਨਿਰਧਾਰਤ ਪਾਠ-ਪੁਸਤਕਾਂ ਵਿੱਚੋਂ **ਕਿਸੇ ਵੀ ਤਿੰਨ** ਪੁਸਤਕਾਂ ਵਿੱਚੋਂ ਚਾਰ ਪ੍ਰਸ਼ਨਾਂ ਦੇ ਉੱਤਰ ਦਿਓ ।

## ਮੜ੍ਹੀ ਦਾ ਦੀਵਾ

## (MARHI DA DIVA)

**Question 4**

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

"ਜਗਸੀਰ ਨੂੰ ਯਾਦ ਸੀ ਕਿ ਧਰਮ ਸਿੰਘ ਦਾ ਪਿਓ ਤੇ ਉਹਦਾ ਪਿਓ ਇਕੱਠੇ ਸੇਲਵਰ੍ਹਾਂ ਦੇ ਮੇਲੇ ਜਦੋਂ ਜਾਂਦੇ ਹੁੰਦੇ ਸਨ ਤਾਂ ਦੋਹਾਂ ਦੇ ਇੱਕੋ ਜਿਹੇ ਰੰਗ ਦੀਆਂ ਪੱਗਾਂ ਇੱਕੋ ਜਿਹੇ ਕੁੜਤੇ ਤੇ ਇੱਕੋ ਜਿਹੀਆਂ ਦੁਖੱਲੀਆਂ , ਸੁੱਚੇ ਸੁਨਿਹਰੀ ਤਿੱਲੇ ਦੀਆਂ ਕੱਢੀਆਂ ਜੁੱਤੀਆਂ ਹੁੰਦੀਆਂ ਸਨ ।"

(i) ਜਗਸੀਰ ਦੇ ਪਿਓ ਦਾ ਕੀ ਨਾਂ ਸੀ ? [1]

(ii) ਲੋਕ ਹੰਸਾਂ ਦੀ ਜੋੜੀ ਕਿਸਨੂੰ ਆਖਦੇ ਸਨ ਤੇ ਕਿਉਂ ? [2]

20461557

(iii) ਧਰਮ ਸਿੰਘ ਦਾ ਪਿਓ ਜਗਸੀਰ ਦੇ ਪਿਓ ਨੂੰ ਕਿੱਥੋਂ ਲੈ ਕੇ ਆਇਆ ਸੀ ? [2]

(iv) ਜਗਸੀਰ ਦਾ ਪਿਓ ਕਿਹੋ ਜਿਹੇ ਸੁਭਾਅ ਦਾ ਮਾਲਕ ਸੀ ? [5]

**Question 5** [10]

ਜਗਸੀਰ ਨੇ ਮੜ੍ਹੀ ਘਰ ਵਿੱਚ ਕਿਉਂ ਬਣਾਈ ਸੀ ? ਇਸਦਾ ਵਿਹੜੇ ਦੇ ਲੋਕਾਂ ਤੇ ਕੀ ਅਸਰ ਹੁੰਦਾ ਹੈ?

**Question 6** [10]

ਧਰਮ ਸਿੰਘ ਨੇ ਆੜ੍ਹਤੀਏ ਕੋਲੋਂ ਸੱਤ ਸੌ ਰੁਪਏ ਕਿਉਂ ਲਏ ਸਨ ? ਉਸਨੇ ਅਜਿਹਾ ਕਰਕੇ ਸਹੀ ਕੀਤਾ ਸੀ ਜਾਂ ਗ਼ਲਤ ? ਇਸ ਸੰਬੰਧੀ ਆਪਣੇ ਵਿਚਾਰ ਦਿਓ ।

## ਕਲ੍ਹ ਅੱਜ ਤੇ ਭਲਕ

## (KAL AJJ TE BHALAK)

**Question 7**

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

ਡਾਕਟਰ : (ਚਿੰਤਾਤੁਰ ਹੁੰਦਾ ਹੋਇਆ) ਐਸੀ ਕਿਹੜੀ ਗੱਲ ਏ ?

ਭਲਵਾਨ : ਤੇਰੇ ਖਿਲਾਫ਼ ਦੋ ਰਿਪੋਰਟਾਂ ਦਰਜ ਹੋਈਆਂ ਪਈਆਂ , ਕੁਝ ਪਤਾ ਤੈਨੂੰ ?

(i) ਡਾਕਟਰ ਦੇ ਕੋਲ ਕੌਣ-ਕੌਣ ਆਇਆ ਸੀ ? [1]

(ii) ਡਾਕਟਰ ਸਰਕਾਰੀ ਡਾਕਟਰ ਉੱਤੇ ਕੀ ਦੋਸ਼ ਮੜ੍ਹਦਾ ਹੈ ? [2]

(iii) ਡਾਕਟਰ ਕਿੰਨੇ ਰੁਪਏ ਦੇਣ ਲਈ ਤਿਆਰ ਹੋ ਜਾਂਦਾ ਹੈ ? [2]

(iv) ਡਾਕਟਰ ਖਿਲਾਫ਼ ਕਿਹੜੀਆਂ ਦੋ ਰਿਪੋਰਟਾਂ ਦਰਜ ਹੋਈਆਂ ਸਨ ? [5]

**Question 8** **[10]**

ਮਹੰਤ ਚਰਨ ਦਾਸ ਦੇ ਡੇਰੇ ਬਾਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਪਾਤਰਾਂ ਬਾਰੇ ਦੱਸੋ ਜੋ ਉਸਦੇ ਬੁਰੇ ਕੰਮਾਂ ਵਿੱਚ ਭਾਗੀਦਾਰ ਬਣਦੇ ਹਨ ?

**Question 9** **[10]**

'ਕਲ੍ਹ ਅੱਜ ਤੇ ਭਲਕ' ਨਾਟਕ ਵਿੱਚ ਪੜ੍ਹੀ ਲਿਖੀ ਅਤੇ ਅਨਪੜ੍ਹ ਦੋਵੇਂ ਤਰ੍ਹਾਂ ਦੀਆਂ ਔਰਤਾਂ ਪਾਖੰਡੀ ਸਾਧ ਦੇ ਸ਼ੋਸਣ ਦਾ ਸ਼ਿਕਾਰ ਹਨ। ਤੁਹਾਡੇ ਵਿਚਾਰ ਅਨੁਸਾਰ ਇਸਦਾ ਕੀ ਕਾਰਨ ਹੈ ?

## ਕਥਾ-ਸੰਗਮ

## (KATHA SANGAM)

**Question 10**

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

> ਸੂਰਜ ਦੀ ਨਿਘੀ ਕਿਰਨ ਮੇਰੇ ਮੰਜੇ 'ਤੇ ਪਈ ਹੈ। ਚਾਦਰ ਲਾਹ ਕੇ ਬੈਠਾ ਹਾਂ ਤੇ ਮੇਰੀ ਨਜ਼ਰ ਖਿੜਕੀ ਵਿਚੀਂ ਹੋ ਕੇ ਗੈਰੇਜ ਦੇ ਬੂਹੇ ਤੇ ਟਿਕ ਗਈ ਹੈ- ਜਿੱਥੇ ਕੁਝ ਬੀਮਾਰ ਤੇ ਬੁੱਢਾ ਮੇਰਾ ਬਾਪੂ ਪਿਆ ਹੈ। ਇਸ ਕੋਠੀ ਦੇ ,ਸਾਡੇ ਚਾਰ ਕਮਰਿਆਂ 'ਚੋਂ ਇਕ ਵੀ ਮੇਰੇ ਬਾਪੂ ਲਈ ਨਹੀਂ ਜੀਹਨੇ ਆਪਣੀ ਸਾਰੀ ਜੁਆਨੀ ਫ਼ੌਜ 'ਚ ਸਿਪਾਹੀ ਬਣ ਕੇ ਤੇ ਢਲਦੀ ਉਮਰ ਖੇਤੀ 'ਚ ਲਾਈ ਹੈ।

(i) ਉਪਰੋਕਤ ਕਹਾਣੀ ਦੇ ਲੇਖਕ ਦਾ ਨਾਂ ਦੱਸੋ। **[1]**

(ii) ਇਸ ਕਹਾਣੀ ਦੇ ਆਰੰਭ ਵਿੱਚ ਮੈਂ ਪਾਤਰ ਕਿਸ ਅਜੀਬ ਇਤਫ਼ਾਕ ਵੱਲ ਸੰਕੇਤ ਕਰਦਾ ਹੈ ? **[2]**

(iii) ਤੁਹਾਡੇ ਵਿਚਾਰ ਅਨੁਸਾਰ ਮੈਂ ਪਾਤਰ ਦੀ ਪਤਨੀ ਨੂੰ ਆਪਣੇ ਸਹੁਰੇ ਨਾਲ ਕਿਸ ਤਰ੍ਹਾਂ ਦਾ ਵਰਤਾਓ ਕਰਨਾ ਚਾਹੀਦਾ ਸੀ ? **[2]**

(iv) ''ਕੋਠੀ ਦੇ ਚਾਰ ਕਮਰਿਆਂ 'ਚੋਂ ਇੱਕ ਵੀ ਮੇਰੇ ਬਾਪੂ ਲਈ ਨਹੀਂ'' ਇਹ ਕਥਨ ਕਿਸ ਸਮੱਸਿਆ ਵੱਲ ਸੰਕੇਤ ਕਰਦਾ ਹੈ ? ਇਸ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ ? **[5]**

**Question 11** **[10]**

'ਮੋਹ-ਮਿੱਟੀ' ਕਹਾਣੀ ਵਿੱਚ ਕਿਸਾਨੀ ਦੀਆਂ ਕਿਹੜੀਆਂ - ਕਿਹੜੀਆਂ ਸਮੱਸਿਆਵਾਂ ਬਾਰੇ ਦੱਸਿਆ ਗਿਆ ਹੈ ? ਤੁਹਾਡੇ ਵਿਚਾਰ ਅਨੁਸਾਰ ਇਨ੍ਹਾਂ ਤੋਂ ਛੁਟਕਾਰਾ ਕਿਵੇਂ ਪਾਇਆ ਜਾ ਸਕਦਾ ਹੈ ?

**Question 12** **[10]**

'ਬਰਫ਼ ਦਾ ਦਾਨਵ'ਕਹਾਣੀ ਵਿੱਚ 'ਦਾਨਵ' ਕਿਸ ਨੂੰ ਕਿਹਾ ਗਿਆ ਹੈ ਤੇ ਕਿਉਂ ? ਕਹਾਣੀ ਵਿਚਲਾ ਸੂਬੇਦਾਰ ਬਰਫ਼ ਦੇ ਦਾਨਵ ਨਾਲ ਕਿਵੇਂ ਜੂਝਦਾ ਹੈ ?

## ਕਾਵਿ-ਕਿਆਰੀ

## (KAV KEYARI)

**Question 13**

ਹੇਠ ਲਿਖੀ ਲਿਖਤ ਨੂੰ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

'ਸਰਮਾ ਕੁੱਤੀ ਸੀ ਇੰਦਰ ਦੇ ਦਰਾਂ ਉੱਤੇ
ਅਸੀਂ ਮਰਦਾਂ ਦੇ ਦਰਾਂ ਤੇ ਕੁੱਤੀਆਂ ਹਾਂ,
ਟੁੱਕਰ ਡੰਗ ਦਾ ਖਾ ਅਸੀਸ ਦਈਏ
ਛਾਵੇਂ ਕੰਧਾਂ ਦੀ ਧੁਰਾਂ ਤੋਂ ਸੁੱਤੀਆਂ ਹਾਂ,
ਕੁਝ ਮੇਚ ਤੇ ਕੁਝ ਨਾ ਮੇਚ ਆਈਆਂ
ਅਸੀਂ ਮਰਦਾਂ ਦੇ ਪੈਰਾਂ 'ਚ ਜੁੱਤੀਆਂ ਹਾਂ।'

(i) ਉਪਰੋਕਤ ਕਵਿਤਾ ਦਾ ਕਵੀ ਕੌਣ ਹੈ ? **[1]**

(ii) ਰਾਣੀ ਇੱਛਰਾਂ ਕਿਸ ਨਾਲ ਆਪਣਾ ਦੁੱਖ ਸਾਂਝਾ ਕਰਦੀ ਹੈ ? **[2]**

(iii) ਇੱਛਰਾਂ ਅਨੁਸਾਰ ਕੁੜੀਆਂ ਪੇਕੇ ਕਿਉਂ ਨਹੀਂ ਮੁੜ ਸਕਦੀਆਂ ? **[2]**

(iv) ਰਾਣੀ ਇੱਛਰਾਂ ਬਾਰੇ ਜਾਣਕਾਰੀ ਦਿੰਦੇ ਹੋਏ ਉਸ ਦੇ ਦੁਖਾਂਤ ਲਈ ਜ਼ਿੰਮੇਵਾਰ ਕਾਰਨਾਂ ਬਾਰੇ ਦੱਸੋ। **[5]**

**Question 14** **[10]**

ਧਨੀ ਰਾਮ ਚਾਤ੍ਰਿਕ ਦੁਆਰਾ ਰਚਿਤ ਕਵਿਤਾ 'ਰਾਧਾ ਸੰਦੇਸ਼' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

**Question 15** **[10]**

'ਕਾਵਿ -ਕਿਆਰੀ' ਪੁਸਤਕ ਵਿੱਚੋਂ ਕਿਹੜੀ ਕਾਵਿ- ਰਚਨਾ ਤੁਹਾਨੂੰ ਸਭ ਤੋਂ ਵਧੀਆ ਲਗਦੀ ਹੈ ਅਤੇ ਕਿਉਂ ? ਵਿਸਥਾਰ ਵਿੱਚ ਦੱਸੋ ।

20461557

SEAL